بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.04.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਭਾਵੇਂ ਇਹ ਸਾਨੂੰ ਮੁਸਮਲਮਾਨ ਆਖਣ ਜਾਂ ਗ਼ੈਰ ਮੁਸਲਿਮ ਆਖਣ ਜਾਂ ਜੋ ਇਹ ਨਾਂ ਲੈਂਣ ਪਰ ਅਸੀਂ ਰੱਬ ਦੀ ਦਿੱਤੀ ਹੋਈ ਪ੍ਰਿਭਾਸ਼ਾ ਅਨੁਸਾਰ ਵੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਦਿਤੀ ਹੋਈ ਪ੍ਰਿਭਾਸ਼ਾ ਅਨੁਸਾਰ ਵੀ ਹਕੀਕੀ ਮੁਸਲਮਾਨ ਹਨ ਅਤੇ ਸਾਨੂੰ ਕੋਈ ਇਸ ਨਾਂ ਦੇ ਵਰਤਨ ਤੋਂ ਰੋਕ ਨਹੀਂ ਸਕਦਾ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਅਪ੍ਰੈਲ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਕ ਵਾਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਹ ਲੇਖ ਵਰਨਣ ਕਰ ਰਹੇ ਸਨ ਕਿ ਸਾਨੂੰ ਆਪਣੇ ਜਾਇਜ਼ੇ ਲੈਂਦੇ ਰਹਿਣੇ ਚਾਹੀਦੇ ਹਨ ਕਿ ਸਾਡੇ ਕੰਮ, ਸਾਡੇ ਅਮਲ ਅਤੇ ਸਾਡੇ ਫੈਸਲੇ ਕੁਰਆਨ ਤੇ ਹਦੀਸ ਅਨੁਸਾਰ ਹਨ ਜਾਂ ਨਹੀਂ । ਇਸ ਪ੍ਰਕਾਰ ਜੇਕਰ ਕਿਸੇ ਮਾਮਲੇ ਦੀ ਕੁਰਆਨ ਤੇ ਹਦੀਸ ਵਿੱਚੋਂ ਵਿਆਖਿਆ ਨ ਮਿਲੇ ਜਿਸ'ਤੇ ਇਨਸਾਨ ਗ਼ੌਰ ਕਰਦਾ ਹੈ ਤਾਂ ਫਿਰ ਕਿਵੇਂ ਉਹਨਾਂ ਕੰਮਾ ਨੂੰ ਨੇਪਰੇ ਚਾੜ੍ਹਿਆ ਜਾਵੇ । ਇਸ ਬਾਰੇ ਇਹ ਹੈ ਕਿ ਪੁਰਾਣੇ ਓਲਮਾ (ਦਿਵਾਨ) ਜੋ ਲੰਘੇ ਹਨ ਉਹਨਾਂ ਦੇ ਕਥਨਾ ਤੇ ਉਹਨਾਂ ਦੇ ਫ਼ੈਸਲਿਆਂ ਨੂੰ ਅਪਨਾਉਂਣਾ ਚਾਹੀਦਾ ਹੈ । ਇਸ ਬਾਰੇ ਆਪ ਫ਼ਰਮਾਉਂਦੇ ਹਨ ਕਿ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪੁੱਛਿਆ ਗਿਆ ਕਿ ਸਾਨੂੰ ਆਪਣੇ ਮਸਲਿਆਂ ਦੇ ਫ਼ਸਲੇ ਕਿਵੇਂ ਕਰਨੇ ਚਾਹੀਦੇ ਹਨ ਕਿੱਥੋਂ ਮਾਰਗਦਰਸ਼ਨ ਲੈਂਣਾ ਚਾਹੀਦਾ ਹੈ ਤਾਂ ਆਪ ਅਲੈਹਿ ਸਲਾਮ ਨੇ ਇਹੋ ਫ਼ਰਮਾਇਆ ਕਿ ਸਾਡਾ ਤਰੀਕਾ ਇਹ ਹੈ ਕਿ ਸਭ ਤੋਂ ਪਹਿਲਾਂ ਕੁਰਆਨ ਕਰੀਮ ਅਨੁਸਾਰ ਫ਼ੈਸਲਾ ਕੀਤਾ ਜਾਵੇ ਅਤੇ ਜੱਦ ਕੁਰਆਨ ਕਰੀਮ ਵਿੱਚੋਂ ਕੋਈ ਗੱਲ ਨ ਮਿਲੇ ਤਾਂ ਫਿਰ ਉਸ ਨੂੰ ਹਦੀਸਾਂ ਰਾਹੀਂ ਹਲ ਕੀਤਾ ਜਾਵੇ ਅਤੇ ਜੱਦ ਹਦੀਸਾਂ ਵਿੱਚੋਂ ਵੀ ਕੋਈ ਗੱਲ ਨ ਮਿਲੇ ਤਾਂ ਫਿਰ ਸਾਮੂਹਿਕ ਕੌਮੀ ਨਿਰਣਾ ਕੀਤਾ ਜਾਵੇ ਜਾਂ ਉਮੱਤ ਵਿੱਚ ਜੋ ਫ਼ੈਸਲੇ ਹੋਏ ਹਨ ਅਤੇ ਜੋ ਦਲੀਲਾਂ ਦਿੱਤੀਆਂ ਗਈਆਂ ਹਨ ਉਹਨਾਂ ਅਨੁਸਾਰ ਫ਼ਸਲੇ ਕੀਤੇ ਜਾਣ । ਏਥੇ ਵੀ ਇਹ ਸਪਸ਼ਟ ਹੋਵੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਵੀ ਫਰਮਾਇਆ ਕਿ ਸੁਨੱਤ (ਅਰਥਾਤ, ਉਹ ਕੰਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਆਪ ਕੀਤੇ, ਅਨੁਵਾਦਕ) ਹਦੀਸ ਤੋਂ ਉਪੱਰ ਹੈ । ਇਸ ਲਈ ਜੋ ਗੱਲਾਂ ਸੁਨੱਤ ਤੋਂ ਸਾਬਤ ਹਨ, ਉਹਨਾਂ'ਤੇ ਬਹਿਰ ਹਾਲ ਅਮਲ ਕਰਨਾ ਹੈ ਇਸ ਦੇ ਬਾਦ ਹਦੀਸਾਂ ਦਾ ਨੰਬਰ ਆਉਂਦਾ ਹੈ । ਸੁਨੱਤ ਉਹੋ ਹੈ ਜੋ ਕੰਮ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਆਪ ਕਰਕੇ ਦਿਖਾਏ ਅਤੇ ਅੱਗੇ ਸਹਾਬਾ ਨੇ ਸਿੱਖੇ ਅਤੇ ਫਿਰ ਸਹਾਬਾ ਤੋਂ ਤਾਬਿਈਨ (ਉਹਨਾਂ ਦੇ ਪਿੱਛੇ ਆਉਣ ਵਾਲੇ) ਨੇ ਸਿੱਖੇ ਫਿਰ ਤਬਾਤਾਬਿਈਨ (ਉਹਨਾਂ ਦੇ ਪਿੱਛੇ ਆਉਣ ਵਾਲਿਆਂ) ਨੇ ਸਿੱਖੇ ਅਤੇ ਫਿਰ ਸਾਰੀ ਉਮੱਤ

ਵਿੱਚ ਅਰੰਭ ਹੋਏ । ਬਹਿਰਹਾਲ ਹਜ਼ਰਤ ਮੁਸਲਿਹ ਮੌਊਦ ਇਸ ਵਿਸ਼ੇ ਨੂੰ ਵਰਨਣ ਕਰ ਰਹੇ ਹਨ ਕਿ ਸਾਨੂੰ ਆਪਣੇ ਜੀਵਨ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ ਕਿ ਅਸੀਂ ਉਹੋ ਕੰਮ ਕਰੀਏ ਜਿਸ ਦੀ ਸਾਨੂੰ ਰੱਬ ਨੇ ਅਤੇ ਉਸ ਦੇ ਰਸੂਲ ਨੇ ਅਗਿਆ ਦਿੱਤੀ ਹੈ । ਕਈ ਲੋਕਾਂ ਨੂੰ ਕਈ ਵਾਰ ਨੇਕੀ ਸਿਰ'ਤੇ ਸਵਾਰ ਹੋ ਜਾਂਦੀ ਹੈ ਅਤੇ ਇਸ ਹੱਦ ਤੱਕ ਇਸ ਵਿੱਚ ਵੱਧ ਜਾਂਦੇ ਹਨ ਕਿ ਅਤਿ ਕਰ ਜਾਂਦੇ ਹਨ ਅਤੇ ਆਪਣੇ ਆਪ ਨੂੰ ਮੁਸੀਬਤ ਵਿੱਚ ਪਾ ਲੈਂਦੇ ਹਨ ਜਾਂ ਆਪਣੇ ਆਪ ਉਪੱਰ ਜ਼ੁਲਮ ਕਰਦੇ ਹਨ ਜਾਂ ਕਈ ਅਜਿਹੇ ਲੋਕ ਹਨ ਅਤੇ ਅਧਿਕਤਰ ਅਜਿਹੇ ਲੋਕ ਹਨ, ਸਗੋਂ ਬਹੁ ਗਿਣਤੀ ਅਜਿਹੇ ਲੋਕਾਂ ਦੀ ਹੈ ਜੋ ਅਲੱਾਹ ਅਤੇ ਉਸਦੇ ਰਸੂਲ ਦੇ ਆਦੇਸ਼ਾਂ ਨੂੰ ਸਰਸਰੀ ਜਿਹੀ ਗੱਲ ਸਮਝਦੇ ਹਨ ਅਤੇ ਉਹਨਾਂ'ਤੇ ਅਮਲ ਕਰਨ ਦਾ ਜਿਵੇਂ ਧਿਆਨ ਦੇਣਾ ਚਾਹੀਦਾ ਹੈ ਨਹੀਂ ਦਿੰਦੇ । ਸੋ, ਇਹ ਦੋਵੇਂ ਪ੍ਰਕਾਰ ਦੇ ਲੋਕ ਹਨ ਜੋ ਬਹੁਤ ਅਧਿਕ ਜਾਂ ਬਹੁਤ ਘੱਟ ਢੰਗ ਨਾਲ ਕੰਮ ਲੈਂਦੇ ਹਨ ਅਤੇ ਅਲੱਾਹ ਤੇ ਉਸ ਤੇ ਉਸ ਦੇ ਰਸੂਲ ਦੇ ਅਦੇਸ਼ਾਂ ਤੋਂ ਬਾਹਰ ਨਿਕਲਦੇ ਹਨ । ਨੇਕੀ ਵਿੱਚ ਵਧਣ ਵਾਲਿਆਂ ਦੀ ਵੀ ਕੁਝ ਉਧਾਰਣਾ ਹੁੰਦੀਆਂ ਹਨ ਇਕ ਇਸਤਰੀ ਦੀ ਉਧਾਰਣ ਆਪ ਨੇ ਦਿੱਤੀ ਜੋ ਨਾਜਾਇਜ਼ ਤੌਰ'ਤੇ ਨੇਕੀ ਦੇ ਨਾਂ'ਤੇ ਇਕ ਕੰਮ ਕਰਨਾ ਚਾਹੁੰਦੀ ਸੀ ਜੋ ਅਸਲ ਵਿੱਚ ਨੇਕੀ ਨਹੀਂ ਹੈ ਕਿਉਂਕਿ ਖ਼ੁਦਾ ਅਤੇ ਉਸ ਦੇ ਰਸੂਲ ਨੇ ਅਗਿਆ ਨਹੀਂ ਦਿੱਤੀ । ਇਸ ਘਟੱਨਾ ਵਿੱਚ ਜੋ ਮੈਂ ਵਰਨਣ ਕਰਾਂਗਾ ਉਹਨਾਂ ਲੋਕਾਂ ਲਈ ਵੀ ਪਾਠ ਹੈ ਜੋ ਕਈ ਵਾਰ ਆਪਣੇ ਸੁਪਨਿਆਂ ਨੂੰ ਬਹੁਤ ਮਹਤੱਾ ਦਿੰਦੇ ਹਨ ਜੱਦ ਕਿ ਉਹਨਾਂ ਦਾ ਉਹ ਸਥਾਨ ਨਹੀਂ ਹੁੰਦਾ ਕਿ ਇਹ ਕਿਹਾ ਜਾਵੇ ਕਿ ਉਹਨਾਂ ਦਾ ਹਰ ਸੁਪਨਾ ਸਚੱਾ ਹੈ ਅਤੇ ਉਸ ਦਾ ਕੋਈ ਅਰਥ ਹੈ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਅੱਜ ਇਕ ਇਸਤਰੀ ਸਾਡੇ ਕੋਲ ਆਈ, ਉਸ ਦੇ ਦਿਮਾਗ਼ ਵਿੱਚ ਕੁਝ ਨੁਕਸ ਹੈ, ਕਹਿਣ ਲੱਗੀ ਕਿ ਮੈਂ ਸੁਪਨਾ ਦੇਖਿਆ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਏ ਹਨ ਅਤੇ ਆਪ ਨੇ ਫਰਮਾਇਆ ਕਿ ਜੇਕਰ ਤੁਸੀਂ ਛੇ ਮਹੀਨਿ ਨਿਰੰਤਰ ਰੋਜ਼ੇ ਰੱਖੋਂ ਤਾਂ ਖ਼ਲੀਫ਼ਾ ਤੁਲ ਮਸੀਹ ਨੂੰ ਸਿਹਤ (ਸਵਸਥ) ਹੋ ਜਾਵੇਗੀ । ਹਜ਼ਰਤ ਮੁਸਲਿਹ ਮੌਊਦ ਦੀ ਬਿਮਾਰੀ ਦੇ ਦਿਨਾਂ ਦੀ ਗੱਲ ਹੈ ਅਰੰਭ ਵਿੱਚ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਮੈਂ ਕਿਹਾ ਕਿ ਤੇਰਾ ਸੁਪਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਹਾਮਾਂ ਤੋਂ ਵੱਧ ਕੇ ਨਹੀਂ ਹੋ ਸਕਦਾ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੀ ਆਪਣੇ ਇਲਹਾਮਾ ਬਾਰੇ ਇਹ ਫ਼ਰਮਾਉਂਦੇ ਹਨ ਕਿ ਜੇਕਰ ਮੇਰਾ ਕੋਈ ਇਲਹਾਮ ਕੁਰਆਨ ਅਤੇ ਸੁਨੱਤ ਦੇ ਖ਼ਿਲਾਫ਼ ਹੋਵੇ ਤਾਂ ਮੈਂ ਉਸਨੂੰ ਖੰਗਾਰ ਵਾਂਗ ਸੁੱਟ ਦਿਆਂ ਗਾ, ਗੱਲ੍ਹ ਸਾਫ਼ ਕਰਕੇ ਕੱਢ ਕੇ ਸੁਟ ਦਿਆਂ । ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਵਹੀ ਨੂੰ ਕੁਰਆਨ ਤੇ ਸੁਨੱਤ ਦੇ ਐਨ੍ਹਾਂ ਅਨੁਕੂਲ ਸਮਝਦੇ ਹਨ ਤਾਂ ਸਾਨੂੰ ਵੀ ਆਪਣੇ ਸੁਪਨਿਆਂ ਨੂੰ ਆਪਦੇ ਆਦੇਸ਼ਾਂ ਅਨੁਸਾਰ ਕਰਨਾ ਹੋਵੇਗਾ । ਸੋ ਜੱਦ ਸੁਪਨੇ ਅਜਿਹੇ ਹੋਣ ਜੋ ਕੁਰਆਨ ਕਰੀਮ ਜਾਂ ਰਸੂਲੇ ਕਰੀਲ ਸਲਲੱਾਹੁ ਅਲੈਹਿ ਵਸਲਅਮ ਦੇ ਫ਼ਤਵੇ ਤੇ ਸੁਨੱਤ ਦੇ ਖ਼ਿਲਾਫ਼ ਹੋਵੇ, ਉਹ ਬਹਿਰਹਾਲ ਰੱਦ ਕਰਨ ਯੋਗ ਸਮਝੇ ਜਾਣ ਗੇ ਕਿਉਂਕਿ ਨ ਤਾਂ ਕੁਰਆਨ ਕਰੀਮ ਦੇ ਖ਼ਿਲਾਫ਼ ਕੋਈ ਸੁਪਨਾ ਸਚੱਾ ਹੋ ਸਕਦਾ ਹੈ ਅਤੇ ਨ ਹੀ ਸੁਨੱਤ ਦੇ ਖ਼ਿਲਾਫ਼ ਕੋਈ ਸੁਪਨਾ ਸਚੱਾ ਹੋ ਸਕਦਾ ਹੈ ਅਤੇ ਨ ਹੀ ਸਹੀ ਹਦੀਸ ਦੇ ਖ਼ਿਲਾਫ਼ ਕੋਈ ਸੁਪਨਾ ਸਚੱਾ ਹੋ ਸਕਦਾ ਹੈ । ਸੋ ਸੁਪਨਿਆਂ ਨੂੰ ਕਿਸੇ ਗੱਲ ਬਾਰੇ ਬੁਨਿਆਦ ਬਨਾਉਂਣਾ ਭਾਵੇਂ ਉਹ ਨੇਕੀ ਦੀ ਹੀ ਗੱਲ ਹੋਵੇ ਅਤੇ ਆਪਣੇ ਆਪ ਨੂੰ ਕਸ਼ਟ ਵਿੱਚ ਪਾਉਂਣਾ ਜਿਸ ਦੀ ਸ਼ਕਤੀ ਨ ਹੋਵੇ ਇਹ ਚੀਜ਼ ਗ਼ਲਤ ਹੈ ਨ ਕੇਵਲ ਗ਼ਲਤ ਹੈ ਸਗੋਂ ਦੁਸ਼ਕਰਮ ਹੈ ਅਤੇ ਕਈ ਵਾਰ ਪਾਪ ਬਣ ਜਾਂਦਾ ਹੈ । ਹਾਂ ਜਿੰਨ੍ਹਾ ਨੂੰ ਰੱਬ ਨੇ ਸੁਧਾਰਕ ਬਣਾ ਕੇ ਖੜਾ ਕਰਨਾ ਹੋਵੇ ਉਹਨਾਂ ਨਾਲ ਰੱਬ ਦਾ ਸੁਲੂਕ ਬਿਲਕੁਲ ਹੀ ਵਖੱਰਾ ਹੁੰਦਾ ਹੈ ਉਹ ਆਮ ਲੋਕਾਂ ਵਿੱਚੋਂ ਨਹੀਂ ਹੁੰਦੇ । ਉਹਨਾਂ ਦਾ ਕਿਸੇ ਸਾਧਾਰਣ ਮਨੁੱਖ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ । ਇਸ ਗੱਲ ਨਾਲ ਕਿਸੇ ਨੂੰ ਸ਼ਾਇਦ ਇਹ ਵੀ ਵਿਚਾਰ ਹੋਵੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਛੇ ਮਹੀਨਿ ਦੇ ਰੋਜ਼ੇ ਰੱਖੇ ਸਨ ਤਾਂ ਇਸ ਬਾਰੇ ਇਕ ਤਾਂ ਸਪਸ਼ਟ ਹੈ ਕਿ ਆਪ ਨੂੰ ਰੱਬ ਨੇ ਨਬੁਵੱਤ ਦੇ ਮੁਕਾਮ ਉਪੱਰ ਖੜਾ ਕਰਨਾ ਸੀ, ਦੂਜਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਇਸ ਬਾਰੇ ਫ਼ਰਮਾਇਆ ਕਿ ਅਤੇ ਇਸ ਬਾਰੇ ਕੀ ਨਸੀਹਤ ਕੀਤੀ ਹੈ ਸਾਨੂੰ ਉਹ ਪੇਸ਼ ਕਰਦਾ ਹਾਂ : ਆਪ ਫ਼ਰਮਾਉਂਦੇ ਹਨ ਕਿ ਮੈਂ ਹਰ ਇਕ ਨੂੰ ਸਲਾਹ ਨਹੀਂ ਦਿੰਦਾ ਕਿ ਉਹ ਅਜਿਹਾ ਕਰੇ ਅਤੇ ਨ ਹੀ ਮੈਂ ਆਪਣੀ ਮਰਜ਼ੀ ਨਾਲ ਅਜਿਹਾ ਕੀਤਾ । ਚੇਤੇ ਰਹੇ ਕਿ

ਮੈਂ ਪ੍ਰਤਖ ਕਸ਼ਫ਼ (ਸੁਪਨੇ) ਰਾਹੀਂ ਰੱਬ ਤੋਂ ਸੂਚਨਾ ਪ੍ਰਾਪਤ ਕਰਕੇ ਸ਼ਰੀਰਕ ਸਖ਼ਤੀ ਦਾ ਭਾਗ ਅੱਠ ਜਾਂ ਨੌਂ ਮਹੀਨੇ ਤੱਕ ਝੱਲਿਆ ਅਤੇ ਭੁੱਖ ਤੇ ਤ੍ਰੇਹ ਦਾ ਸੁਆਦ ਚੱਖਿਆ ਅਤੇ ਫਿਰ ਇਸ ਢੰਗ ਨੂੰ ਨਿਰੰਤਰ ਬਜਾ ਲਿਆਉਣਾ ਛੱਡ ਦਿੱਤਾ । ਸੋ, ਰੱਬ ਨੇ ਆਪਨੂੰ ਇਹ ਮੁਕਾਮ ਦੇਣਾ ਸੀ ਇਸ ਕਰਕੇ ਆਗਿਆ ਹੋਈ, ਫਿਰ ਬਾਦ ਵਿੱਚ ਇਸ'ਤੇ ਆਪ ਨੇ ਅਮਲ ਨਹੀਂ ਕੀਤਾ । ਕਦੇ ਕਦੇ ਫ਼ਰਮਾਇਆ ਕਿ ਮੈਂ ਰੋਜ਼ੇ ਰੱਖ ਲੈਂਦਾ ਸੀ । ਭਾਵ ਦੂਜਿਆਂ ਨੂੰ ਵੀ ਅਤੇ ਆਪਣੇ ਮਨ੍ਹਣ ਵਾਲਿਆ ਨੂੰ ਵੀ ਇਉਂ ਕਰਨ ਤੋਂ ਮਨਾ ਕੀਤਾ ਆਪਨੇ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਇਹ ਆਰੋਪ ਲਾਇਆ ਜਾਂਦਾ ਹੈ ਕਿ ਆਪ ਨੇ ਆਣਕੇ ਇਕ ਜਮਾਤ ਬਣਾ ਕੇ ਇਕ ਫ਼ਸਾਦ ਪੈਦਾ ਕਰ ਦਿੱਤਾ ਅਤੇ ਮੁਸਲਮਾਨਾਂ ਵਿੱਚ ਆਪ ਦੇ ਕਥਨਾ ਅਨੁਸਾਰ ਤਿਹਤੱਰ ਵਾਂ ਫਿਰਕਾ ਬਣਾ ਦਿੱਤਾ । ਲੋੜ ਤਾਂ ਇਸ ਗੱਲ ਦੀ ਸੀ ਕਿ ਮਤਿ ਭੇਤ ਘੱਟ ਕੀਤੇ ਜਾਂਦੇ ਇਹ ਪੁਠੱਾ ਹੀ ਇਕ ਵਾਧੂ ਫਿਰਕਾ ਬਣਾ ਕੇ ਲੋਕਾਂ ਵਿੱਚ ਹੋਰ ਮਤਿਭੇਤ ਪਾ ਦਿੱਤਾ । ਇਹ ਗੱਲਾਂ ਚੇਤੇ ਰੱਖਣੀਆਂ ਚਾਹੀਦੀਆਂ ਹਨ ਕਿ ਨਬੀਆਂ ਦੇ ਪ੍ਰਕਟ ਹੋਣ ਸਮੇਂ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ । ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਯਲ ਉਪੱਰ ਵੀ ਇਹੋ ਆਰੋਪ ਮਕੱਾ ਵਾਲਿਆਂ ਨੇ ਲਾਇਆ ਸੀ ਕਿ ਭਾਈ ਭਾਈ ਨੂੰ ਅੱਡ ਕਰ ਦਿੱਤਾ ਆਪੋ ਵਿੱਚ ਪਾੜ ਦਿੱਤਾ ਮਤਿਭੇਦ ਪੈਦਾ ਕਰ ਦਿੱਤੇ ਦੁਸ਼ਮਣੀਆਂ ਪੈਦਾ ਕਰ ਦਿੱਤੀਆਂ ਜੱਦ ਕਿ ਫ਼ਸਾਦ ਦੀ ਹਾਲਤ ਤਾਂ ਉਹਨਾਂ ਵਿੱਚ ਪਹਿਲਾਂ ਤੋਂ ਹੀ ਸੀ ਅਤੇ ਇਹੋ ਹਾਲ ਅੱਜ ਕੱਲ ਦੇ ਮੁਸਲਮਾਨਾਂ ਦਾ ਹੈ ਅਤੇ ਹੁਣ ਵੀ ਹੈ ਕਿ ਫ਼ਸਾਦ ਦੀ ਅਵਸਥਾ ਉਹਨਾਂ ਵਿੱਚ ਮੌਜੂਦ ਹੈ । ਨਬੀਂ ਤਾਂ ਰੱਬ ਇਸ ਲਈ ਭੇਜਦਾ ਹੈ ਕਿ ਫ਼ਸਾਦ ਦੀ ਅਵਸਥਾ ਨੂੰ ਦੂਰ ਕਰੇ ਅਤੇ ਇਕ ਹੱਥ ਉਪੱਰ ਜਮਾ ਹੋਕੇ ਇਕ ਹੋਣ ਅਤੇ ਏਕਤਾ ਦਾ ਜਤਨ ਕਰਨ । ਸੋ, ਜੋ ਈਮਾਨ ਲਿਆਉਂਦੇ ਹਨ ਉਹ ਅਮਨ ਵਿੱਚ ਆਉਂਦੇ ਹਨ । ਉਹ ਇਕ ਏਕਤਾ ਰੂਪ ਬਣ ਜਾਂਦੇ ਹਨ ਫ਼ਸਾਦਾਂ ਤੋਂ ਦੂਰ ਹੱਟ ਜਾਂਦੇ ਹਨ ਅਤੇ ਦੂਜੇ ਜੋ ਹਨ ਮੁਖ਼ਾਲਫ਼ ਜੋ ਹਨ ਉਹ ਫ਼ਸਾਦਾਂ ਵਿੱਚ ਫ਼ਸੇ ਹੁੰਦੇ ਹਨ । ਹੁਣ ਸਾਡੇ ਖ਼ਿਲਾਫ਼ ਮੁਖ਼ਾਲਫ਼ ਭਾਂਵੇਂ ਜਿੰਨ੍ਹੀ ਚਾਹੁਣ ਵਿਰੋਧਤਾ ਕਰਦੇ ਰਹਿਣ ਇਕਤੱਰ ਹੋਕੇ ਪਰ ਆਪੋ ਵਿੱਚ ਫਿਰ ਵੀ ਇਹ ਲੋਕ ਪਾਟੇ ਹੋਏ ਹਨ । ਇਹਨਾਂ ਦੇ ਦਿਲ ਪਾਟੇ ਹੋਏ ਹਨ ਇਕ ਨਹੀਂ ਹਨ ਆਪੋ ਵਿੱਚ ਫਿਰ ਇਹਨਾਂ ਵਿੱਚ ਆਪੋ ਧਾਪੀ ਹੁੰਦੀ ਰਹਿੰਦੀ ਹੈ । ਸੋ, ਜੱਦ ਤੱਕ ਇਹ ਇਮਾਮ ਨੂੰ ਨਹੀਂ ਮਨ੍ਹੰਣਗੇ ਇਸੇ ਪ੍ਰਕਾਰ ਹੁੰਦਾ ਰਹੇਗਾ ਭਾਵੇਂ ਇਹ ਸਾਨੂੰ ਮੁਸਲਮਾਨ ਆਖਣ ਜਾਂ ਗ਼ੈਰ ਮੁਸਲਿਮ ਆਖਣ ਜਾਂ ਜੋ ਵੀ ਇਹ ਨਾਂ ਲੈਂਣ ਪਰ ਅਸੀਂ ਰੱਬ ਦੀ ਦਿੱਤੀ ਹੋਈ ਪ੍ਰੀਭਾਸ਼ਾ ਅਨੁਸਾਰ ਵੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਦਿੱਤੀ ਹੋਈ ਪ੍ਰੀਭਾਸ਼ਾ ਅਨੁਸਾਰ ਵੀ ਹਕੀਕੀ ਮੁਸਲਮਾਨ ਹਨ ਅਤੇ ਸਾਨੂੰ ਇਸ ਨਾਂ ਦੇ ਵਰਤਨ ਤੋਂ ਕੋਈ ਨਹੀਂ ਰੋਕ ਸਕਦਾ । ਹਜ਼ਰਤ ਮੁਸਲਿਹ ਮੌਊਦ ਇਹਨਾਂ ਫ਼ਸਾਦਾਂ ਦਾ ਚਿਤੱਰ ਖਿੱਚਦੇ ਹੋਏ ਵਰਨਣ ਕਰਦੇ ਹਨ ਕਿ ਇਕ ਮਿਤੱਰ ਨੇ ਸੁਣਾਇਆ ਕਿ ਇਕ ਵਾਰ ਇਕ ਅਹਿਲੇ ਹਦੀਸ ਹਨਫ਼ੀਆਂ ਦੀ ਮਸਜਿਦ ਵਿੱਚ ਉਹਨਾਂ ਨਾਲ ਬਾਜਮਾਤ ਨਮਾਜ਼ ਪੜ੍ਹ ਰਿਹ ਸੀ । 'ਅਤੱਾਹਯਾਤ' ਵਿੱਚ ਉਸ ਨੇ 'ਤਸ਼ੱਹੁਦ' ਸਮੇਂ ਉਂਗਲੀ ਉਠਾ ਲਈ ਉਸ ਦਾ ਉਂਗਲੀ ਉਠਾਉਣਾ ਸੀ ਕਿ ਸਾਰੇ 'ਮੁਕਤਦੀ' ਨਮਾਜ਼ਾਂ ਤੋੜ ਕੇ ਉਸ'ਤੇ ਟੁੱਟ ਪਏ ਅਤੇ ਹਰਾਮੀ ਹਰਾਮੀ ਕਹਿਣਾ ਸ਼ੁਰੂ ਕਰ ਦਿੱਤਾ । ਅਰਥਾਤ ਉਹਨਾਂ ਦੇ ਹਨਫੀਆਂ ਵਿੱਚ ਇਕ ਅਕੀਦਾ ਹੈ ਹੈ ਕਿ 'ਤਸ਼ੱਹੁਦ' ਸਮੇਂ ਉਂਗਲੀ ਨਹੀਂ ਉਠਾਉਂਦੇ । ਉਹਨਾਂ ਨੇ ਇਹ ਨਹੀਂ ਦੇਖਿਆ ਕਿ ਨਮਾਜ਼ ਪੜ੍ਹ ਰਹੇ ਹਨ ਨਮਾਜ਼ ਤੋੜਨਾ ਕਿੰਨ੍ਹਾ ਜੁਰਮ ਹੈ ਨਮਾਜ਼ ਤੋੜਕੇ ਉਸ ਦੀ ਉਂਗਲੀ ਨੂੰ ਦੇਖ ਰਹੇ ਸਨ । ਨਮਾਜ਼ ਤੋੜਕੇ ਉਸ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰਦਿੱਤੀਆਂ ਅਤੇ ਉਸ ਨੂੰ ਮਾਰਨਾ ਅਰੰਭ ਕਰ ਦਿੱਤਾ । ਸੋ, ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਹ ਫ਼ਸਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਤੋਂ ਪਹਿਲਾਂ ਹੀ ਸਨ, ਮਸੀਹ ਮੌਊਦ ਨੇ ਤਾਂ ਆਣਕੇ ਸੁਧਾਰ ਹੀ ਕੀਤਾ । ਆਪ ਫ਼ਰਮਾਉਦੇ ਹਨ ਕਿ ਇਕ ਵਿਅਕਤੀ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਹਮਣੇ ਇਸੇ ਫ਼ਸਾਦ ਬਾਰੇ ਪ੍ਰਸ਼ਨ ਕੀਤਾ ਕਿ ਆਪ ਨੇ ਆਣਕੇ ਹੋਰ ਮਤਿਭੇਦ ਪਾ ਦਿਤੱਾ ਅਤੇ ਪਹਿਲਾਂ ਹੀ ਐਨ੍ਹਾ ਫ਼ਸਾਦ ਫੈਲਿਆ ਹੋਇਆ ਹੈ ਤਾਂ ਆਪ ਨੇ ਫ਼ਰਮਾਇਆ ਕਿ ਚੰਗਾ ਦੱਸੋ ਕਿ ਆਪਣਾ ਚੰਗਾ ਦੁੱਧ ਬਚਾਉਣ ਲਈ ਦਹੀਂ ਨਾਲ ਮਿਲਾ

ਕੇ ਰਖੱਦੇ ਹੋ ਜਾਂ ਅੱਡ । ਦੁੱਧ ਨੂੰ ਜੇਕਰ ਸਾਂਭਣਾ ਹੋਵੇ ਤਾਂ ਦਹੀਂ ਤੋਂ ਅਡੱਰਾ ਰੱਖੀਦਾ ਹੈ ਕਿਉਂਕਿ ਕਿਤੇ ਉਸ ਦੀ ਛਿੱਟ ਆਦਿ ਦੁੱਧ ਵਿੱਚ ਨ ਪੈ ਜਾਵੇ ਕਿਉਂਕਿ ਇਸ ਤੋਂ ਦੁੱਧ ਖਰਾਬ ਹੋ ਜਾਂਦਾ ਹੈ । ਸਪਸ਼ਟ ਹੈ ਕਿ ਦਹੀਂ ਨਾਲ ਚੰਗਾ ਦੁੱਧ ਇਕ ਮਿੰਟ ਵੀ ਚੰਗਾ ਨਹੀਂ ਰਹਿ ਸਕਦਾ । ਸੋ, ਫ਼ਰਸਤਾਦੇ (ਰੱਬ ਦੇ ਭੇਜੇ ਹੋਏ ਸੁਧਾਰਕ) ਜਮਾਤ ਦਾ ਫ਼ਰਸਤਾਦਾ, ਜਮਾਤ ਦੀ ਪੀੜ੍ਹਾ ਰਖੱਣ ਵਾਲਾ ਜਮਾਤ'ਚੋਂ ਵਖੱਰਾ ਰੱਖਿਆ ਜਾਣਾ ਜ਼ਰੂਰੀ ਸੀ, ਇਸ ਲਈ ਇਹ ਜੋ ਫਿਰਕਾ ਜਾਂ ਜਮਾਤ ਵੱਖਰੀ ਬਣਾਈ ਹੈ ਇਹ ਇਕ ਫ਼ਰਸਤਾਦੇ ਦੀ ਜਮਾਤ ਹੈ ਅਤੇ ਇਸ ਦਾ ਉਹਨਾਂ ਲੋਕਾਂ ਤੋਂ ਅੱਡ ਹੋਣਾ ਜ਼ਰੂਰੀ ਸੀ ਜੋ ਵਿਗੜੇ ਹੋਏ ਹਨ । ਜਿਵੇਂ ਰੋਗੀ ਤੋਂ ਪਰਹੇਜ਼ ਨ ਹੋਵੇ ਤਾਂ ਸਵਸਥ ਵਿਅਕਤੀ ਵੀ ਗ੍ਰਿੱਸਿਆ ਜਾਂਦਾ ਹੈ ਇਸੇ ਪ੍ਰਕਾਰ ਰੱਬ ਦੀ ਸੁਨੱਤ (ਮਰਿਆਦਾ) ਹੈ ਕਿ ਉਹ ਰੂਹਾਨੀ ਰੋਗੀਆਂ ਤੋਂ ਫ਼ਰਸਤਾਦੇ ਨੂੰ ਦੂਰ ਰੱਖੇ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ "ਯਾ ਅੱਯੋ ਹੱਲੀਜ਼ੀਨਾ ਆਮਾਨੂ ਕੂ ਅਨਫ਼ੁਸਿਕੁਮ ਵ ਅਹਲੀਕੁ ਨਾਰਾ" (يَاأَيُّهَا الَّذِينَ آمَنُوا قُوا أَنْفُسَكُمْ وَأَهْلِيكُمْ نَارًا) ਅਰਥਾਤ ਬਚਾਓ ਆਪਣੇ ਆਪ ਨੂੰ ਅਤੇ ਅਪਣੇ ਪਰਿਵਾਰ ਨੂੰ ਅੱਗ ਤੋਂ । ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੈਰ੍ਹਵੀ ਕਰਨ ਵਾਲੀ ਦੂਜੇ ਗ਼ੈਰ ਅਹਮਦੀ ਨਾਲ ਵਿਆਹੀ ਗਈ ਤਾਂ ਪਤੀ ਕਰਕੇ ਨਿਸ਼ਚੇ ਹੀ ਉਹ ਅਹਮਦੀਅਤ ਤੋਂ ਦੂਰ ਹੋ ਜਾਵੇਗੀ ਜਾਂ ਅੰਦਰ ਹੀ ਅੰਦਰ ਕੁੜ੍ਹ ਕੁੜ੍ਹ ਕੇ ਮਰ ਜਾਵੇਗੀ । ਜੇਕਰ ਦੂਰ ਨਹੀਂ ਹੋਵੇਗੀ ਤਾਂ ਕਿਉਂਕਿ ਫਿਰ ਇਹੋ ਹੁੰਦਾ ਹੈ ਘਰਾਂ ਵਿੱਚ ਜਾਕੇ ਫਿਰ ਉਸ'ਤੇ ਸਖ਼ਤੀਆਂ ਅਰੰਭ ਹੋ ਜਾਂਦੀਆਂ ਹਨ ।

ਸੋ, ਜੇਕਰ ਅਸੀਂ ਅਹਮਦੀ ਗ਼ੈਰਾਂ ਵਿੱਚ ਰਸ਼ਿਤਾ ਅਸੀਂ ਨਹੀਂ ਕਰਦੇ, ਜੋ ਆਰੋਪ ਲਾਇਆ ਜਾਂਦਾ ਹੈ, ਇਹ ਮਤਿਭੇਦ ਨਹੀਂ ਸਗੋਂ ਆਪਣੇ ਆਪ ਨੂੰ ਬਚਾਉਣ ਦਾ ਜਤਨ ਹੈ । ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਜਤਨ ਹੈ । ਪਰ ਇਹ ਵਿਚਾਰ ਉਸ ਨੂੰ ਹੀ ਆ ਸਕਦਾ ਹੈ ਜੋ ਧਰਮ ਨੂੰ ਦੁਨੀਆਂ ਉਪੱਰ ਪਹਿਲ ਦੇਣ ਦੀ ਰੂਹ ਨੂੰ ਸਮਝਦਾ ਹੈ ਅਤੇ ਇਸ ਵਿੱਚ ਲੜਕੇ ਵੀ ਸ਼ਾਮਲ ਹਨ, ਉਹ ਅਹਮਦੀ ਲੜਕੇ ਜੋ ਅਹਮਦੀ ਲੜਕੀਆਂ ਨੂੰ ਛੱਡ ਕੇ ਗ਼ੈਰਾਂ ਨਾਲ ਵਿਆਹ ਕਰਦੇ ਹਨ । ਸੋ, ਉਹਨਾਂ ਲੜਕਿਆਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਜੇਕਰ ਆਪਣੇ ਆਪ ਨੂੰ ਅਹਮਦੀ ਅਖਵਾਉਂਦੇ ਹਨ ਅਤੇ ਹਕੀਕੀ ਅਹਮਦੀ ਸਮਝਦੇ ਹਨ, ਤਾਂ ਫਿਰ ਕੇਵਲ ਵਿਅਕਤੀਗੱਤ ਇਛੱਾਵਾਂ ਨੂੰ ਨ ਦੇਖਣ ਅਤੇ ਅਮਹਦੀ ਲੜਕੀਆਂ ਨਾਲ ਵਿਆਹ ਕਰਨ ਜੱਦ ਵਿਆਹ ਦਾ ਸਮਾਂ ਆਵੇ ਆਪਣੀਆਂ ਸੰਸਾਰਕ ਇਛੱਵਾਂ ਉਪੱਰ ਆਪਣੀ ਅਗੱਲੀ ਨਸਲ ਅਤੇ ਧਰਮ ਨੂੰ ਪਹਿਲ ਦੇਣ ਨਹੀਂ ਤਾਂ ਨਸਲਾਂ ਕੇਵਲ ਲੜਕੀਆਂ ਦੇ ਗ਼ੈਰਾਂ ਵਿੱਚ ਆਉਣ ਨਾਲ ਬਰਬਾਦ ਨਹੀਂ ਹੁੰਦੀਆਂ ਸਗੋਂ ਲੜਕਿਆਂ ਦੇ ਗ਼ੈਰਾਂ ਵਿੱਚ ਵਿਆਹ ਕਰਨ ਨਾਲ ਵੀ ਬਰਬਾਦ ਹੁੰਦੀਆਂ ਹਨ । ਹਰ ਅਹਮਦੀ ਨੂੰ ਸਮਝਣਾ ਚਾਹੀਦਾ ਹੈ ਕਿ ਅਹਮਦੀ ਕੇਵਲ ਸਮਾਜਕ ਦਬਾਓ ਜਾਂ ਰਿਸ਼ਤਾਦਾਰੀ ਦੇ ਸਬਬ ਨਾਲ ਅਹਮਦੀ ਨ ਹੋਵੇ ਸਗੋਂ ਧਰਮ ਨੂੰ ਸਮਝ ਕੇ ਅਹਮਦੀ ਬਣਨ ਦਾ ਜਤਨ ਕਰਨ । ਜੇਕਰ ਅਹਮਦੀ ਲੜਕੇ ਬਾਹਰ ਵਿਆਹ ਕਰਦੇ ਰਹਿਣਗੇ ਤਾਂ ਫਿਰ ਅਹਮਦੀ ਲੜਕੀਆਂ ਕਿੱਥੇ ਵਿਆਹੀਆਂ ਜਾਣਗੀਆਂ । ਸੋ, ਲੜਕਿਆਂ ਨੂੰ ਵੀ ਗ਼ੌਰ ਕਰਨ ਦੀ ਲੋੜ ਹੈ । ਜੇਕਰ ਹੁਣ ਵੀ ਇਸ ਬਾਰੇ ਸਾਵਧਾਨੀ ਨਾ ਵਰਤੀ ਗਈ, ਇਸ ਵੱਲ ਬਹੁਤ ਅਧਿਕ ਰੁਝਾਨ ਹੋਣ ਲੱਗ ਗਿਆ ਹੈ ਅਤੇ ਭਵਿੱਖ ਵਿੱਚ ਹੋਰ ਰੁਝਾਨ ਵਧੱਦਾ ਜਾਵੇਗਾ ਅਤੇ ਫਿਰ ਨਸਲ ਵਿੱਚ ਅਹਮਦੀਅਤ ਨਹੀਂ ਰਹੇਗੀ ਸਿਵਾਏ ਇਸ ਦੇ ਕਿ ਕਿਸੇ'ਤੇ ਰੱਬ ਦੀ ਵਿਸ਼ੇਸ਼ ਮਿਹਰ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਬਾਰੇ ਇਹ ਵਿਉਂਤ ਕੀਤੀ ਸੀ ਕਿ ਅਹਮਦੀ ਲੜਕੀਆਂ ਤੇ ਲੜਕਿਆਂ ਦੇ ਨਾਂ ਰਜਿਸਟਰ ਉਪੱਰ ਲਿੱਖੇ ਜਾਣ ਅਤੇ ਆਪ ਨੇ ਇਹ ਰਜਿਸਟਰ ਕਿਸੇ ਵਿਅਕਤੀ ਦੀ ਸਲਾਹ'ਤੇ ਖੁਲਵਾਇਆ ਸੀ, ਉਸ ਨੇ ਬਿਨਤੀ ਕੀਤੀ ਸੀ ਕਿ ਹਜ਼ੂਰ ਵਿਆਹਾਂ ਵਿੱਚ ਬਹੁਤ ਮੁਸ਼ਕਲ ਹੁੰਦੀ ਹੈ । ਆਪ ਕਹਿੰਦੇ ਹਨ ਕਿ ਗ਼ੈਰਾਂ ਤੋਂ ਸੰਬੰਧ ਨ ਪੈਦਾ ਕਰੋ, ਆਪਣੀ ਜਮਾਤ ਵੱਖਰੀ ਹੈ । ਹੁਣ ਕਰੀਏ ਤਾਂ ਕੀ ਕਰੀਏ ? ਇਕ ਅਜਿਹਾ ਰਸਿਟਰ ਹੋਵੇ ਜਿਸ ਵਿੱਚ ਅਜਿਹੇ ਲੜਕਿਆਂ ਅਤੇ ਲੜਕੀਆਂ ਦੇ ਨਾਂ ਹੋਣ ਜਿੰਨ੍ਹਾ ਦੇ ਰਿਸ਼ਤੇ ਨਹੀਂ ਹੋਏ ਤਾਂ ਜੋ ਰਿਸ਼ਤਿਆਂ ਵਿੱਚ ਆਸਾਨੀ ਹੋਵੇ । ਉਸੇ ਵਿਅਕਤੀ ਦੀ ਇਕ ਜਿਸ ਨੇ ਇਹ ਵਿਉਂਤ ਪੇਸ਼ ਕੀਤੀ ਸੀ ਇਕ ਲੜਕੀ ਸੀ । ਜੱਦ ਇਕ ਰਿਸ਼ਤਾ ਆਇਆ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਨੇ ਉਸੇ ਘਰ ਭਿਜਵਾ ਦਿੱਤਾ, ਪਰ ਉਸ ਨੇ ਅਤਿਅੰਤ ਅਣਉਚਿਤ ਉਜ਼ਰ ਨਾਲ ਰਿਸ਼ਤੇ ਤੋਂ ਨਾਂਹ ਕਰ ਦਿੱਤੀ ਅਤੇ ਲੜਕੀ ਦਾ ਕਿਤੇ ਹੋਰ ਗ਼ੈਰ ਅਹਮਦੀ ਵਿੱਚ ਵਿਆਹ ਕਰ ਦਿਤੱਾ । ਜੱਦ ਹਜ਼ਰਤ ਸਾਹਬ ਨੂੰ ਇਹ ਗੱਲ ਮਲੂਮ ਹੋਈ ਤਾਂ ਆਪ ਨੇ ਫ਼ਰਮਾਇਆ ਕਿ ਅੱਜ ਤੋਂ ਵਿਆਹਾਂ ਦੇ ਮਾਮਲੇ ਵਿੱਚ ਦਖ਼ਲ ਨਹੀਂ ਦਿਆਂਗਾ ਅਤੇ ਇਸ ਪ੍ਰਕਾਰ ਇਹ ਵਿਉਤ ਰਹਿ ਗਈ । ਪਰ ਜੇਕਰ ਉਸ ਸਮੇਂ ਇਹ ਗੱਲ ਚੱਲ ਜਾਂਦੀ ਤਾਂ ਅੱਜ ਅਹਮਦੀਆਂ ਨੂੰ ਇਹ ਕਸ਼ਟ ਨ ਹੁੰਦਾ ਜੋ ਹੁਣ ਹੋ ਰਿਹਾ ਹੈ । ਕਈ ਵਾਰ ਇਕ ਇਨਕਾਰ ਜੋ ਹੈ ਨਬੀ ਸਾਹਮਣੇ ਪੱਕੇ ਤੌਰ'ਤੇ ਇਕ ਮੁਸੀਬਤ ਬਣ ਜਾਂਦਾ ਹੈ ਜਮਾਤ ਲਈ ਫਿਰ । ਉਹ ਲੋਕ ਵੀ ਜੋ ਆਪਣੇ ਹੰਕਾਰ ਵਿੱਚ ਆਣਕੇ ਕਈ ਵਾਰ ਚੰਗੇ ਭਲੇ ਅਹਮਦੀ ਰਿਸ਼ਤੇ ਨੂੰ ਠੁਕਰਾ ਦਿੰਦੇ ਹਨ । ਜੱਦ ਕਿ ਲੜਕੀਆਂ ਵੀ ਰਾਜ਼ੀ ਹੁੰਦੀਆਂ ਹਨ ਲੜਕੇ ਵੀ ਰਾਜ਼ੀ ਹੁੰਦੇ ਹਨ ਸਗੋਂ ਕਈ ਥਾਂ ਮੈਂ ਵੀ ਕਿਹਾ ਹੈ ਕਿ ਰਸ਼ਿਤਾ ਕਰ ਲਓ ਪਰ ਆਪਣੀ ਹਉਮੈਂ ਕਰਕੇ ਰਿਸ਼ਤੇ ਤੋਂ ਨਾਂਹ ਕਰ ਦਿੱਤੀ । ਬਹਿਰ ਹਾਲ ਜੇਕਰ ਅਜਿਹੇ ਲੋਕ ਮੌਜੂਦ ਸਨ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਓਦ ਅਲੈਹਿ ਸਲਾਮ ਦਾ ਇਨਕਾਰ ਕੀਤਾ ਤਾਂ ਹੁਣ ਮੇਰੀ ਗੱਲ ਦਾ ਇਨਕਾਰ ਕਰਨਾ ਤਾਂ ਕੋਈ ਅਜਿਹੀ ਵੱਡੀ ਗੱਲ ਨਹੀਂ ਹੈ, ਪਰ ਫਿਰ ਅਜਿਹਿਆਂ ਦੇ ਅੰਜਾਮ (ਸਿੱਟੇ) ਵੀ ਬਹੁਤ ਭਿਆਨਕ ਹੋ ਜਾਂਦੇ ਹਨ । ਸੋ, ਜੇਕਰ ਅਹਮਦੀ ਲੜਕੇ ਅਤੇ ਲੜਕੀਆਂ ਵਿਆਹ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਦੇ ਮਾਂਪਿਆਂ ਨੂੰ ਵੀ ਹੱਠ ਨਹੀਂ ਕਰਨੀ ਚਾਹੀਦੀ ਹੈ । ਜਾਤੀਆਂ ਤੇ ਹਉਮੈ ਦੇ ਚਕੱਰ ਵਿੱਚ ਨਹੀਂ ਆਉਣਾ ਚਾਹੀਦਾ। ਵਿਆਹ ਸ਼ਦੀਆਂ ਬਾਰੇ ਇਕ ਇਹ ਵੀ ਮਸਲਾ ਸਪਸ਼ਟ ਹੋਣਾ ਚਾਹੀਦਾ ਹੈ ਕਿ ਲੜਕੀਆਂ ਉਪੱਰ ਵੀ ਸਾਰੀਆਂ ਗਲੱਾਂ ਨਾਲ ਉਸ ਲੜਕੀ ਦੀ ਪਸੰਦ ਵੀ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਇਸ ਪਸੰਦ ਨੂੰ ਕਾਇਮ ਕੀਤਾ ਹੈ ਕਿ ਲੜਕੀ ਦੀ ਮਰਜ਼ੀ ਸ਼ਾਮਲ ਹੋਵੇ । ਪਰ ਇਸਲਾਮ ਇਸ ਗੱਲ ਦੀ ਪਾਬੰਦੀ ਵੀ ਜ਼ਰੂਰ ਕਰਵਾਉਂਦਾ ਹੈ ਕਿ ਵਲੀ (ਸਰਪਰਸਤ) ਦੀ ਅਗਿਆ ਤੋਂ ਬਿਨਾ ਨਿਕਾਹ ਜਾਇਜ਼ ਨਹੀਂ । ਸਿਵਾਏ ਉਹਨਾਂ ਅਪਵਾਦਾਂ ਦੇ ਜਿੰਨ੍ਹਾ ਦਾ ਅਪਵਾਦ ਸ਼ਰੀਅਤ ਨੇ ਆਪ ਰੱਖਿਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸ਼ਰੀਅਤ ਦੇ ਖ਼ਿਲਾਫ਼ ਕਰਮ ਹੈ ਕਿ ਕੇਵਲ ਲੜਕੀ ਦੀ ਰਜ਼ਾਮੰਦੀ ਦੇਖਕੇ ਵਲੀ ਦੀ ਅਗਿਆ ਤੋਂ ਬਿਨਾ ਨਿਕਾਹ ਕਰ ਲਿਆ ਜਾਵੇ । ਸੋ, ਜਿਵੇਂ ਕਿ ਪਹਿਲਾਂ ਚਰਚਾ ਲੰਘ ਚੁਕੀ ਹੈ ਨ ਹੀ ਮਾਂਪਿਆਂ ਨੂੰ ਅਕਾਰਣ ਹੀ ਐਨ੍ਹੀ ਸਖ਼ਤੀ ਕਰਨੀ ਚਾਹੀਦੀ ਹੈ ਤਾਂ ਝੂਠੀ ਗ਼ੈਰਤ (ਹਉਮੈ) ਦੇ ਨਾਂ'ਤੇ ਰਿਸ਼ਤਾ ਨ ਕਰਨ । ਬਿਨਾਂ ਕਿਸੇ ਜਾਇਜ਼ ਉਜ਼ਰ ਦੇ ਕਤਲ ਤੱਕ ਦੇ ਅਤਿਆਚਾਰੀ ਕਰਮ ਕਰਨ ਵਾਲੇ ਬਣ ਜਾਣ ਅਤੇ ਨ ਹੀਂ ਲੜਕੀਆਂ ਨੂੰ ਇਸਲਾਮ ਅਗਿਆ ਦਿੰਦਾ ਹੈ ਕਿ ਆਪ ਹੀ ਘਰੋਂ ਬਾਹਰ ਜਾਕੇ ਅਦਾਲਤਾਂ ਵਿੱਚ ਜਾਂ ਕਿਸੇ ਮੌਲਵੀ ਕੋਲ ਜਾਕੇ ਵਿਆਹ ਕਰ ਲੈਂਣ ਜਾਂ ਨਿਕਾਹ ਪੜ੍ਹਵਾ ਲੈਂਣ । ਜਕੇਰ ਕਿਸੇ ਮਜਬੂਰੀ ਦੀ ਅਵਸਥਾ ਵਿੱਚ ਹਨ ਤਾਂ ਲੜਕੀਆਂ ਵੀ ਸਮੇਂ ਦੇ ਖ਼ਲੀਫ਼ਾ ਸਾਹਬ ਨੂੰ ਲਿੱਖ ਸਕਦੀਆਂ ਹਨ ਜੋ ਹਾਲਾਤਾਂ ਅਨੁਸਾਰ ਫਿਰ ਜੋ ਵੀ ਉਚਿਤ ਨਿਰਣਾ ਹੋਵੇਗਾ ਉਹ ਕਰੇਗਾ ।

ਸੋ, ਜੇਕਰ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦੇ ਉਸੂਲ ਨੂੰ ਸਾਹਮਣੇ ਰਖੱਣਗੀਆਂ ਅਤੇ ਲੜਕੇ ਵੀ ਸਾਹਮਣੇ ਰਖੱਣਗੇ ਤਾਂ ਫਿਰ ਖ਼ੁਦਾ ਤਆਲਾ ਵੀ ਉਹਨਾਂ'ਤੇ ਮਿਹਰ ਕਰੇਗਾ । ਇਕ ਖ਼ੁਤਬੇ ਵਿੱਚ ਹਜ਼ਰਤ ਮੁਸਲਿਹ ਮੌਊਦ ਇਹ ਵਿਸ਼ਾ ਵਰਨਣ ਕਰ ਰਹੇ ਸਨ ਕਿ ਇਲਾਹੀ ਸਿਮਰਣ ਲਈ ਅਤੇ ਰੱਬ ਨਾਲ ਸੰਬੰਧ ਪੈਦਾ ਕਰਨ ਲਈ ਉਸ ਨਾਲ ਪ੍ਰੇਮ ਜ਼ਰੂਰੀ ਹੈ ਕਿ ਅਲੱਾਹ ਤਆਲਾ ਦੇ ਗੁਣਾ ਨੂੰ ਸਾਹਮਣੇ ਲਿਆਕੇ ਗ਼ੌਰ ਕੀਤਾ ਜਾਵੇ ਅਤੇ ਉਹਨਾ ਗੁਣਾ ਨਾਲ ਵਿਅਕਤੀਗੱਤ ਸੰਬੰਧ ਵਧਾਇਆ ਜਾਵੇ । ਰੱਬ ਨਾਲ ਪ੍ਰੇਮ ਦਾ ਸਹੀ ਤਰੀਕਾ ਫਿਰ ਹੀ ਹਾਸਲ ਹੁੰਦਾ ਹੈ ਅਤੇ ਇਹ ਆਮ ਕੁਦਰਤ ਦਾ ਕਾਨੂਨ ਹੈ ਕਿ ਸੰਸਾਰਕ ਜ਼ਾਹਿਰੀ ਸੰਬੰਧ ਅਤੇ ਪ੍ਰੇਮ ਪੈਦਾ ਕਰਨ ਲਈ ਵੀ ਜ਼ਰੂਰੀ ਹੈ ਕਿ ਜਾਂ ਜਿਸ ਨਾਲ ਪ੍ਰੇਮ ਕੀਤਾ ਜਾਂਦਾ ਹੈ ਉਸ ਨਾਲ ਨੇੜਤਾ ਹੋਵੇ ਜਾਂ ਉਸ ਦਾ ਘੱਟੋ ਘੱਟ ਕੋਈ ਚਿਤੱਰ, ਉਸ ਦੀ ਕੋਈ ਫੋਟੋ ਸਾਹਮਣੇ ਹੁੰਦੀ ਹੈ ਕਿ ਪਸੰਦ ਤੇ ਸੰਬੰਧ ਦਾ ਪ੍ਰਗਟਾਵਾ ਹੋਵੇ । ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਪ੍ਰੇਮ ਲਈ ਜ਼ਰੂਰੀ ਹੈ ਕਿ ਜਾਂ ਤਾਂ ਕਿਸੇ ਦਾ ਵੁਜੂਦ ਸਾਹਮਣੇ ਹੋਵੇ ਅਤੇ ਜਾਂ ਉਸ ਦੀ ਫੋਟੋ ਸਾਹਮਣੇ ਹੋਵੇ, ਉਧਾਰਣ ਲਈ ਇਸਲਾਮ ਨੇ ਇਹ ਕਿਹਾ ਹੈ, ਇਹ ਕੋਈ ਨਵੀਂ ਗੱਲ ਨਹੀਂ ਅੱਜ ਦੇ ਜੁੱਗ ਵਿੱਚ ਰਿਸ਼ਤੇ ਵਾਲੇ ਕਹਿੰਦੇ ਹਨ ਕਿ ਤਸਵੀਰਾਂ ਭੇਜਣੀਆਂ । ਫ਼ਰਮਾਇਆ ਕਿ

ਇਸਲਾਮ ਨੇ ਇਹ ਕਿਹਾ ਹੈ ਕਿ ਜੱਦ ਤੁਸੀਂ ਵਿਆਹ ਕਰੋ ਤਾਂ ਸ਼ਕਲ ਦੇਖ ਲਓ ਅਤੇ ਜਿੱਥੇ ਸ਼ਕਲ ਦੇਖਣੀ ਮੁਸ਼ਕਲ ਹੋਵੇ ਓਥੇ ਅੱਜ ਕੱਲ ਦੇ ਜੁੱਗ ਵਿੱਚ ਉਸ ਜ਼ਮਾਨੇ ਵਿੱਚ ਵੀ ਤਸਵੀਰ ਦੇਖੀ ਜਾ ਸਕਦੀ ਸੀ ਹੁਣ ਵੀ ਦੇਖੀ ਜਾ ਸਕਦੀ ਹੈ । ਹੁਣ ਇਕ ਘਟੱਨਾ ਜਮਾਤ ਤੋਂ ਬਾਹਰ ਦੇ ਮੌਲਵੀਆਂ ਦੀ ਪੇਸ਼ ਕਰਦਾ ਹਾਂ । ਜੋ ਲੋਕਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਖ਼ਿਲਾਫ਼ ਕਿਵੇਂ ਉਹਨਾਂ ਦੇ ਦਿਲਾ ਵਿੱਚ ਕ੍ਰੋਧ ਤੇ ਕੀਨਾ ਭਰਨ ਦਾ ਜਤਨ ਕਰਦੇ ਸਨ ਅਤੇ ਵਰਗਲਾਉਂਦੇ ਸਨ । ਕਿਵੇਂ ਝੂਠ ਬੋਲਦੇ ਸਨ ਅਤੇ ਬੋਲਦੇ ਹਨ ਹੁਣ ਵੀ ਅਤੇ ਆਪ ਉਪੱਰ ਕਿਵੇਂ ਕਿਵੇਂ ਦੇ ਆਰੋਪ ਲਾਏ ਜਾਂਦੇ ਹਨ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵੀ ਜਾਦੂਗਰ ਕਹਿੰਦੇ ਸਨ ਇਹ ਲੋਕ ।

ਮੈਂਨੂੰ ਚੇਤੇ ਹੈ ਕਿ ਇਕ ਮਿਤੱਰ ਨੇ ਸੁਣਾਇਆ ਕਿ ਫ਼ਿਰੋਜ਼ਪੁਰ ਦੇ ਖੇਤਰ ਵਿੱਚ ਇਕ ਮੌਲਵੀ ਭਾਸ਼ਣ ਦੇ ਰਿਹਾ ਸੀ ਕਿ ਅਹਮਦੀਆਂ ਦੀਆਂ ਕਿਤਾਬਾਂ ਉਕੱਾ ਹੀ ਨਹੀਂ ਪੜ੍ਹਨੀਆਂ ਚਾਹੀਦੀਆਂ ਅਤੇ ਕਾਦੀਆਂ ਵਿੱਚ ਉਕੱਾ ਹੀ ਨਹੀਂ ਜਾਣਾ ਚਾਹੀਦਾ ਅਤੇ ਉਸ ਝੂਠੇ ਨੇ ਆਪਣਾ ਇਕ ਮਨਘੜੰਤ ਕਿਸੱਾ ਵੀ ਆਪਣੇ ਪੱਖ ਲਈ ਸੁਣਾਇਆ । ਪਰ ਰੱਬ ਵੀ ਕਈ ਵਾਰ ਮੌਕੇ'ਤੇ ਹੀ ਝੂਠ ਖੋਲ ਦਿੰਦਾ ਹੈ । ਸੋ, ਏਥੇ ਵੀ ਅਜਿਹਾ ਹੀ ਹੋਇਆ ਉਸੇ ਸਭਾ ਵਿੱਚ ਇਕ ਗ਼ੈਰ ਅਹਮਦੀ ਵਕੀਲ ਸਾਹਬ ਵੀ ਬੈਠੇ ਹੋਏ ਸਨ ਪਰ ਸ਼ਰੀਫ਼ ਵਿਅਕਤੀ ਸਨ ਅਹਮਦੀ ਨਹੀਂ ਸਨ ਜੋ ਕਿਸੇ ਜੁੱਗ ਵਿੱਚ ਏਥੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਕੋਲ ਇਲਾਜ ਲਈ ਆਏ ਸਨ । ਉਹਨਾਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਜਾਣਦੇ ਹੋ ਕਿ ਮੈਂ ਅਹਮਦੀ ਨਹੀਂ ਹਾਂ ਪਰ ਮੈਂ ਇਲਾਜ ਲਈ ਆਪ ਓਥੋਂ ਹੋਕੇ ਆਇਆ ਹਾਂ ਅਤੇ ਓਥੇ ਰਿਹਾ ਹਾਂ, ਮੌਲਵੀ ਨੇ ਜਿੰਨ੍ਹੀਆਂ ਵੀ ਗੱਲਾਂ ਕੀਤੀਆਂ ਹਨ ਸਾਰੀਆਂ ਗ਼ਲਤ ਹਨ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹੁਣ ਵੀ ਅਜਿਹੇ ਲੋਕ ਹਨ ਜੋ ਸਮਝਦੇ ਹਨ ਕਿ ਏਥੇ ਜਾਦੂ ਹੈ ਅਤੇ ਇਸ ਦਾ ਕਾਰਣ ਇਹ ਹੁੰਦਾ ਹੈ ਕਿ ਉਹ ਦੇਖਦੇ ਹਨ ਕਿ ਜੋ ਲੋਕ ਇਸ ਜਮਾਤ ਵਿੱਚ ਦਾਖ਼ਲ ਹੁੰਦੇ ਜਾਂਦੇ ਹਨ ਉਹਨਾਂ ਨੂੰ ਮਾਰਾਂ ਪੈਂਦੀਆਂ ਹਨ ਗਾਲ੍ਹਾਂ ਦਿੱਤੀਆਂ ਜਾਂਦੀਆਂ ਹਨ ਬੇ ਇਜ਼ੱਤ ਕੀਤਾ ਜਾਂਦਾ ਹੈ ਉਹਨਾਂ ਨੂੰ ਆਰਥਕ ਹਾਨੀ ਪਹੁੰਚਾਈ ਜਾਂਦੀ ਹੈ ਫਿਰ ਵੀ ਇਹ ਫ਼ਿਦਾਈ ਰਹਿੰਦੇ ਹਨ ਅਤੇ ਅਹਮਦੀਅਤ ਨੂੰ ਨਹੀਂ ਛਡੱਦੇ, ਉਹ ਸਮਝਦੇ ਹਨ ਕਿ ਉਹਨਾਂ ਨੂੰ ਮਾਰ ਕੁੱਟ, ਗਾਲ੍ਹਾਂ ਤੇ ਆਰਥਕ ਹਾਨੀ ਰਾਹੀਂ ਡਰਾਉਣਾ ਚਾਹੀਦਾ ਹੈ ਪਰ ਉਹਨਾਂ'ਤੇ ਕਿਸੇ ਗੱਲ ਦਾ ਅਸਰ ਨਹੀਂ ਹੁੰਦਾ, ਨਿਸ਼ਚੇ ਹੀ ਕੋਈ ਜਾਦੂ ਹੁੰਦਾ ਹੈ ਇਸ ਲਈ ਇਹ ਇਸ ਪ੍ਰਕਾਰ ਆਪਣੇ ਈਮਾਨ ਉਪੱਰ ਕਾਇਮ ਰਹਿੰਦੇ ਹਨ । ਅਲੱਾਹ ਤਆਲਾ ਇਹਨਾਂ ਝੂਠਿਆਂ ਮੌਲਵੀਆਂ ਤੋਂ ਉਮੱਤ ਨੂੰ ਬਚਾਏ ਅਤੇ ਲੋਕਾਂ ਨੂੰ ਸਚੱਾਈ ਨੂੰ ਪਛਾਨਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਸਾਨੂੰ ਵੀ ਆਪਣੀਆਂ ਜਿੰਮੇਦਾਰੀਆਂ ਸਮਝਣ ਦੀ ਤੌਫ਼ੀਕ ਦੇਵੇ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮਾ ਸਕੀਨਾ ਨਾਹਿਦ ਸਪੁਤੱਰੀ ਮੁਕਰੱਮ ਮੁਹਮੱਦ ਦੀਨ ਸਾਹਬ ਮਰਹੂਮ ਅਤੇ ਮੁਕਰੱਮ ਸ਼ੌਕਤ ਗ਼ਨੀ ਸਾਹਬ ਸ਼ਹੀਦ ਸਪੁਤੱਰ ਮੁਕਰੱਮ ਕਾਜ਼ੀ ਅਬਦੁਲ ਗ਼ਨੀ ਸਾਹਬ ਦੇ ਸਦਗੁਣਾ ਦਾ ਵਰਨਣ ਕੀਤਾ ਅਤੇ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਏ ਜਾਣ ਦਾ ਐਨਾਲ ਕੀਤਾ ।

**Khulasa Khutba 08.04.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131